Punjabi

medicare



# ਥੀ ਦੀ ਕਹਾਣੀ

**ਉਮਰ:** 35-40 ਸਾਲ

**ਪੇਸ਼ਾ:** ਪ੍ਰਬੰਧਕੀ ਸਹਾਇਕ

**ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ:** ਅੰਗਰੇਜ਼ੀ/ਵੀਅਤਨਾਮੀ

**ਇੱਕ ਵਿਅਸਤ ਨੌਜਵਾਨ ਮਾਂ ਹੋਣ ਦੇ ਨਾਤੇ, ਥੀ ਨੁਏਨ ਜਾਣਦੀ ਹੈ ਕਿ ਘਰੇਲੂ ਖਰਚੇ ਕਿੰਨੀ ਜਲਦੀ ਇਕੱਠੇ ਹੋ ਜਾਂਦੇ ਹਨ।** ਹਾਲਾਂਕਿ ਉਸਦੇ ਬੱਚੇ ਦੇ ਨਿਯਮਤ ਟੀਕਾਕਰਨ ਰਾਸ਼ਟਰੀ ਟੀਕਾਕਰਨ ਪ੍ਰੋਗਰਾਮ ਦੇ ਤਹਿਤ ਮੁਫ਼ਤ ਹਨ, ਫਿਰ ਵੀ ਉਹ ਇਸ ਬਾਰੇ ਚਿੰਤਤ ਸੀ ਕਿ ਕੀ ਜੀ ਪੀ ਨਾਲ ਸਲਾਹ-ਮਸ਼ਵਰੇ ਦੀ ਫੀਸ ਉਸਦੇ ਘਰੇਲੂ ਬਜਟ 'ਤੇ ਵਾਧੂ ਦਬਾਅ ਪਾਵੇਗੀ।

ਇਹ ਜਾਣ ਕੇ ਕਿ ਬਹੁਤ ਸਾਰੇ ਜੀ ਪੀ ਕਲੀਨਿਕਾਂ ਨੂੰ ਪੂਰੀ ਤਰ੍ਹਾਂ ਬਲਕ ਬਿੱਲ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ, ਉਸਨੂੰ ਹੋਰ ਯਕੀਨ ਹੋ ਗਿਆ ਕਿ ਉਸਦੇ ਬੱਚੇ ਦੀ ਡਾਕਟਰੀ ਮੁਲਾਕਾਤ ਬਿਨਾਂ ਕਿਸੇ ਖਰਚੇ ਦੇ ਹੋਵੇਗੀ। ਥੀ ਕਹਿੰਦੀ ਹੈ, "ਜੀ ਪੀ ਬਹੁਤ ਚੰਗਾ ਸੀ ਅਤੇ ਮੇਰੇ ਬੱਚੇ ਨੂੰ ਬਹੁਤ ਆਰਾਮਦਾਇਕ ਮਹਿਸੂਸ ਕਰਵਾਇਆ"। "ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਮੈਨੂੰ ਕਦੇ ਕੋਈ ਬਿੱਲ ਨਹੀਂ ਮਿਲਿਆ। ਮੈਡੀਕੇਅਰ ਨੇ ਸਿੱਧੇ ਡਾਕਟਰ ਨੂੰ ਭੁਗਤਾਨ ਕੀਤਾ, ਇਸ ਲਈ ਮੇਰੀ ਆਪਣੀ ਜੇਬ ਤੋਂ ਕੋਈ ਖਰਚਾ ਨਹੀਂ ਹੋਇਆ।"

ਥੀ ਲਈ, ਇਸ ਸਹਾਇਤਾ ਦਾ ਮਤਲਬ ਹੈ ਕਿ ਉਸਨੂੰ ਕਦੇ ਵੀ ਆਪਣੇ ਬੱਚੇ ਦੀ ਸਿਹਤ ਸੰਭਾਲ ਵਿੱਚ ਦੇਰੀ ਨਹੀਂ ਕਰਨੀ ਪਵੇਗੀ।



*ਉਹ ਦੱਸਦੀ ਹੈ, "ਇਹ ਜਾਣਨਾ ਕਿ ਇਹ ਮੁਲਾਕਾਤਾਂ ਬਲਕ ਬਿੱਲ ਕੀਤੀਆਂ ਜਾਂਦੀਆਂ ਹਨ, ਮੈਨੂੰ ਮਨ ਦੀ ਸ਼ਾਂਤੀ ਦਿੰਦੀਆਂ ਹਨ"। "ਇਹ ਮੈਨੂੰ ਪਰਿਵਾਰਕ ਬਜਟ ਦੀ ਚਿੰਤਾ ਕੀਤੇ ਬਿਨਾਂ ਆਪਣੇ ਬੱਚੇ ਦੀ ਸਿਹਤ ਨੂੰ ਪਹਿਲ ਦੇਣ ਦੀ ਆਗਿਆ ਦਿੰਦਾ ਹੈ। ਇਹ ਸਾਡੇ ਬੱਚਿਆਂ ਅਤੇ ਸਾਡੇ ਭਾਈਚਾਰੇ ਨੂੰ ਸੁਰੱਖਿਅਤ ਰੱਖਣ ਦਾ ਇੱਕ ਸਧਾਰਣ, ਕਿਫਾਇਤੀ ਤਰੀਕਾ ਹੈ।"*

**- ਥੀ**

ਹੋਰ ਜਾਣਕਾਰੀ ਲਈ ਇਸ QR ਕੋਡ ਨੂੰ ਸਕੈਨ ਕਰੋ

ਆਪਣੇ ਨੇੜੇ ਇੱਕ ਬਲਕ ਬਿਲਿੰਗ ਡਾਕਟਰ ਲੱਭਣ ਲਈ **health.gov.au/bulkbilling** 'ਤੇ ਜਾਓ।

Australian Government
Department of Health, Disability and Ageing